
www.BibleForChildren.org


# ਮੱਤੀ 1



ਇਲੀਸਬਤ ਨੂੰ ਗਰਭਵਤੀ ਹੋਏ ਛੇ ਮਹੀਨੇ ਹੋ ਚੁੱਕੇ ਸਨ ਜਦੋਂ ਪਰਮੇਸ਼ਰ ਨੇ ਜਿਬਰਾਏਲ ਸਵਰਗਦੂਤ ਨੂੰ ਗਲੀਲ ਦੇ ਇਲਾਕੇ ਦੇ ਨਾਸਰਤ ਨਾਂ ਦੇ ਇੱਕ ਪਿੰਡ ਵਿੱਚ ਭੇਜਿਆ। ਸਵਰਗਦੂਤ ਮਰਿਯਮ ਨਾਂ ਦੀ ਇੱਕ ਕੁਆਰੀ ਕੋਲ ਗਿਆ। ਉਸ ਕੁਆਰੀ ਦੀ ਮੰਗਣੀ ਦਾਊਦ ਦੀ ਕੁਲ ਦੇ ਯੂਸਫ਼ ਨਾਂ ਦੇ ਇੱਕ ਆਦਮੀ ਨਾਲ ਹੋਈ ਸੀ।



ਸਵਰਗਦੂਤ ਨੇ ਮਰਿਯਮ ਨੂੰ ਕਿਹਾ, “ਮਰਿਯਮ ਨਾ ਡਰ
ਕਿਉਂਕਿ ਤੇਰੇ ਉੱਤੇ ਪਰਮੇਸ਼ਰ ਦੀ ਕਿਰਪਾ ਹੋਈ ਹੈ !
ਤੂੰ ਗਰਭਵਤੀ ਹੋਵੇਂਗੀ ਅਤੇ ਇੱਕ ਪੁੱਤਰ ਨੂੰ ਜਨਮ
ਦੇਵੇਂਗੀ । ਤੂੰ ਉਹਨਾਂ ਦਾ ਨਾਮ ਯਿਸੂ ਰੱਖਣਾ ।
ਉਹ ਮਹਾਨ ਹੋਣਗੇ । ਉਹ ਪਰਮ ਪ੍ਰਧਾਨ
ਪਰਮੇਸ਼ਰ ਦੇ ਪੁੱਤਰ ਅਖਵਾਉਣਗੇ । ਪ੍ਰਭੂ
ਪਰਮੇਸ਼ਰ ਉਹਨਾਂ ਦੇ ਪੁਰਖੇ ਦਾਊਦ ਦੀ
ਰਾਜ-ਗੱਦੀ ਉਹਨਾਂ ਨੂੰ ਦੇਣਗੇ ।
ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ ਰਾਜ
ਕਰਨਗੇ । ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ ।”



ਮਰਿਯਮ ਨੇ ਸਵਰਗਦੂਤ ਨੂੰ ਕਿਹਾ, “ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਮੈਂ ਅਜੇ ਕੁਆਰੀ ਹਾਂ ।” ਸਵਰਗਦੂਤ ਨੇ ਉੱਤਰ ਦਿੱਤਾ, “ਪਵਿੱਤਰ ਆਤਮਾ ਤੇਰੇ ਉੱਤੇ ਉਤਰੇਗਾ ਅਤੇ ਪਰਮੇਸ਼ਰ ਦੀ ਸਮਰੱਥਾ ਤੇਰੇ ਉੱਤੇ ਛਾਇਆ ਕਰੇਗੀ । ਇਸ ਲਈ ਜਿਹੜਾ ਪਵਿੱਤਰ ਬਾਲਕ ਤੇਰੇ ਤੋਂ ਪੈਦਾ ਹੋਵੇਗਾ, ਪਰਮੇਸ਼ਰ ਦਾ ਪੁੱਤਰ ਅਖਵਾਏਗਾ ।”



ਇਸ ਘਟਨਾ ਦੇ ਬਾਅਦ ਮਰਿਯਮ ਛੇਤੀ ਹੀ ਤਿਆਰ ਹੋ ਕੇ ਯਹੂਦਿਯਾ ਦੇਸ਼ ਦੇ ਇੱਕ ਪਹਾੜੀ ਸ਼ਹਿਰ ਨੂੰ ਗਈ। ਉਹ ਜ਼ਕਰਯਾਹ ਪੁਰੋਹਿਤ ਦੇ ਘਰ ਗਈ ਅਤੇ ਇਲੀਸਬਤ ਨੂੰ ਨਮਸਕਾਰ ਕੀਤਾ। ਜਿਵੇਂ ਹੀ ਇਲੀਸਬਤ ਨੇ ਮਰਿਯਮ ਦਾ ਨਮਸਕਾਰ ਸੁਣਿਆ, ਉਸ ਦੀ ਕੁੱਖ ਵਿੱਚ ਬੱਚਾ ਉੱਛਲ ਪਿਆ। ਉਸੇ ਸਮੇਂ ਇਲੀਸਬਤ ਪਵਿੱਤਰ ਆਤਮਾ ਨਾਲ ਭਰ ਗਈ। ਉਸ ਨੇ ਉੱਚੀ ਆਵਾਜ਼ ਨਾਲ ਕਿਹਾ, "ਤੂੰ ਔਰਤਾਂ ਵਿੱਚੋਂ ਧੰਨ ਹੈਂ ਅਤੇ ਤੇਰੀ ਕੁੱਖ ਦਾ ਫਲ ਵੀ ਧੰਨ ਹੈ।"



ਯਿਸੂ ਮਸੀਹ ਦਾ ਜਨਮ ਇਸ ਤਰ੍ਹਾਂ ਹੋਇਆ, ਉਹਨਾਂ ਦੀ ਮਾਂ ਮਰਿਯਮ ਦੀ ਮੰਗਣੀ ਯੂਸਫ਼ ਨਾਲ ਹੋਈ ਸੀ । ਪਰ ਮਰਿਯਮ ਅਤੇ ਯੂਸਫ਼ ਦੇ ਵਿਆਹ ਤੋਂ ਪਹਿਲਾਂ ਹੀ, ਮਰਿਯਮ ਨੇ ਆਪਣੇ ਆਪ ਨੂੰ ਪਵਿੱਤਰ ਆਤਮਾ ਦੁਆਰਾ ਗਰਭਵਤੀ ਪਾਇਆ । ਯੂਸਫ਼ ਜਿਸ ਨਾਲ ਉਸ ਦੀ ਮੰਗਣੀ ਹੋਈ ਸੀ, ਉਹ ਇੱਕ ਨੇਕ ਆਦਮੀ ਸੀ । ਉਹ ਮਰਿਯਮ ਨੂੰ ਖੁਲ੍ਹੇਆਮ ਬੇਇੱਜ਼ਤ ਨਹੀਂ ਕਰਨਾ ਚਾਹੁੰਦਾ ਸੀ । ਇਸ ਲਈ ਉਸ ਨੇ ਚੁੱਪ-ਚਾਪ ਮੰਗਣੀ ਤੋੜਨ ਦਾ ਵਿਚਾਰ ਕੀਤਾ ।



ਪਰ ਅਜੇ ਉਹ ਇਸ ਬਾਰੇ ਸੋਚ ਵਿਚਾਰ ਕਰ ਹੀ ਰਿਹਾ ਸੀ ਕਿ ਪ੍ਰਭੂ ਦੇ ਇੱਕ ਸਵਰਗਦੂਤ ਨੇ ਉਸ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਕਿਹਾ, “ਯੂਸਫ਼, ਦਾਊਦ ਦੀ ਸੰਤਾਨ, ਮਰਿਯਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ ਕਿਉਂਕਿ ਜਿਹੜਾ ਉਸ ਦੀ ਕੁੱਖ ਵਿੱਚ ਹੈ ਉਹ ਪਵਿੱਤਰ ਆਤਮਾ ਵੱਲੋਂ ਹੈ। ਉਹ ਇੱਕ ਪੁੱਤਰ ਨੂੰ ਜਨਮ ਦੇਵੇਗੀ। ਤੂੰ ਉਹਨਾਂ ਦਾ ਨਾਮ ਯਿਸੂ ਰੱਖਣਾ ਕਿਉਂਕਿ ਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਮੁਕਤੀ ਦੇਣਗੇ।”



ਜਦੋਂ ਯੂਸਫ਼ ਨੀਂਦ ਤੋਂ ਜਾਗਿਆ ਤਾਂ ਉਸ ਨੇ ਉਸੇ ਤਰ੍ਹਾਂ ਕੀਤਾ ਜਿਸ ਤਰ੍ਹਾਂ ਸਵਰਗਦੂਤ ਨੇ ਉਸ ਨੂੰ ਦੱਸਿਆ ਸੀ ਅਤੇ ਮਰਿਯਮ ਨਾਲ ਵਿਆਹ ਕਰ ਲਿਆ ਪਰ ਜਦੋਂ ਤੱਕ ਮਰਿਯਮ ਨੇ ਪੁੱਤਰ ਨੂੰ ਜਨਮ ਨਾ ਦਿੱਤਾ ਯੂਸਫ਼ ਉਸ ਦੇ ਕੋਲ ਨਾ ਗਿਆ । ਯੂਸਫ਼ ਨੇ ਪੁੱਤਰ ਦਾ ਨਾਮ ਯਿਸੂ ਰੱਖਿਆ ।



ਉਹਨਾਂ ਦਿਨਾਂ ਵਿੱਚ ਰੋਮੀ ਸਮਰਾਟ ਅਗੂਸਤੁਸ ਨੇ ਇਹ ਹੁਕਮ ਦਿੱਤਾ ਕਿ ਉਸ ਦੇ ਸਾਮਰਾਜ ਦੇ ਸਾਰੇ ਨਾਗਰਿਕਾਂ ਦੀ ਗਿਣਤੀ ਕੀਤੀ ਜਾਵੇ । ਸਾਰੇ ਲੋਕ ਨਾਂ ਲਿਖਵਾਉਣ ਦੇ ਲਈ ਆਪਣੇ ਆਪਣੇ ਸ਼ਹਿਰ ਨੂੰ ਗਏ ।



ਯੂਸਫ਼ ਦਾਊਦ ਦੀ ਕੁਲ ਵਿੱਚੋਂ ਸੀ । ਇਸ ਲਈ ਉਹ ਗਲੀਲ ਦੇ ਇਲਾਕੇ ਦੇ ਪਿੰਡ ਨਾਸਰਤ ਤੋਂ ਯਹੂਦਿਯਾ ਵਿੱਚ ਦਾਊਦ ਦੇ ਸ਼ਹਿਰ ਬੈਤਲਹਮ ਨੂੰ ਗਿਆ । ਯੂਸਫ਼ ਆਪਣੇ ਨਾਲ ਆਪਣੀ ਮੰਗੇਤਰ ਮਰਿਯਮ ਨੂੰ ਵੀ ਨਾਂ ਲਿਖਵਾਉਣ ਦੇ ਲਈ ਲੈ ਗਿਆ । ਮਰਿਯਮ ਗਰਭਵਤੀ ਸੀ ।



ਜਦੋਂ ਉਹ ਬੈਤਲਹਮ ਵਿੱਚ ਹੀ ਸਨ
ਤਾਂ ਮਰਿਯਮ ਦਾ ਬੱਚੇ ਨੂੰ ਜਨਮ ਦੇਣ
ਦਾ ਸਮਾਂ ਆ ਗਿਆ ।



ਇਸ ਲਈ ਉਸ ਨੇ ਆਪਣੇ ਜੇਠੇ ਪੁੱਤਰ ਨੂੰ ਜਨਮ ਦਿੱਤਾ। ਉਸ ਨੇ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਖੁਰਲੀ ਵਿੱਚ ਰੱਖਿਆ ਕਿਉਂਕਿ ਉਹਨਾਂ ਨੂੰ ਸਰਾਂ ਵਿੱਚ ਥਾਂ ਨਹੀਂ ਮਿਲੀ ਸੀ।



ਬੈਤਲਹਮ ਸ਼ਹਿਰ ਦੇ ਬਾਹਰ ਮੈਦਾਨ ਵਿੱਚ ਕੁਝ ਚਰਵਾਹੇ ਰਾਤ ਦੇ ਵੇਲੇ ਆਪਣੀਆਂ ਭੇਡਾਂ ਦੀ ਰਖਵਾਲੀ ਕਰ ਰਹੇ ਸਨ ।ਅਚਨਚੇਤ ਪ੍ਰਭੂ ਪਰਮੇਸ਼ਰ ਦਾ ਇੱਕ ਸਵਰਗਦੂਤ ਉਹਨਾਂ ਦੇ ਕੋਲ ਆ ਖੜ੍ਹਾ ਹੋਇਆ ਅਤੇ ਪ੍ਰਭੂ ਦਾ ਤੇਜ ਉਹਨਾਂ ਦੇ ਚਾਰੇ ਪਾਸੇ ਚਮਕਿਆ ।

ਚਰਵਾਹੇ ਬਹੁਤ ਡਰ ਗਏ ।




ਪਰ ਸਵਰਗਦੂਤ ਨੇ ਉਹਨਾਂ ਨੂੰ ਕਿਹਾ, "ਡਰੋ ਨਹੀਂ ! ਮੈਂ ਤੁਹਾਡੇ ਲਈ ਇੱਕ ਸ਼ੁਭ ਸਮਾਚਾਰ ਲਿਆਇਆ ਹਾਂ ਜਿਸ ਨੂੰ ਸੁਣ ਕੇ ਤੁਹਾਨੂੰ ਬਹੁਤ ਖ਼ੁਸ਼ੀ ਹੋਵੇਗੀ । ਇਹ ਸਾਰੇ ਲੋਕਾਂ ਲਈ ਹੈ । ਅੱਜ ਦਾਊਦ ਦੇ ਸ਼ਹਿਰ ਬੈਤਲਹਮ ਵਿੱਚ ਤੁਹਾਡੇ ਲਈ ਇੱਕ ਮੁਕਤੀਦਾਤਾ ਨੇ ਜਨਮ ਲਿਆ ਹੈ ।
ਇਹ ਪ੍ਰਭੂ ਮਸੀਹ ਹਨ । ਉਹਨਾਂ ਦੀ ਪਛਾਣ ਤੁਹਾਡੇ ਲਈ ਇਹ ਹੈ ਕਿ ਤੁਸੀਂ ਇੱਕ ਨਵੇਂ
ਜਨਮੇ ਬਾਲਕ ਨੂੰ ਕੱਪੜੇ ਵਿੱਚ ਲਪੇਟਿਆ ਹੋਇਆ ਖੁਰਲੀ ਵਿੱਚ ਪਿਆ ਦੇਖੋਗੇ ।"


ਅਚਾਨਕ ਉਸ ਸਵਰਗਦੂਤ ਦੇ ਨਾਲ ਸਵਰਗਦੂਤਾਂ ਦਾ ਇੱਕ ਵੱਡਾ ਲਸ਼ਕਰ ਦਿਖਾਈ ਦਿੱਤਾ ਜਿਹੜਾ ਇਹ ਕਹਿ ਕੇ ਪਰਮੇਸ਼ਰ ਦੀ ਵਡਿਆਈ ਕਰ ਰਿਹਾ ਸੀ, “ਪਰਮਧਾਮ ਵਿੱਚ ਪਰਮੇਸ਼ਰ ਦੀ ਵਡਿਆਈ ਹੋਵੇ, ਅਤੇ ਧਰਤੀ ਉੱਤੇ ਮਨੁੱਖਾਂ ਵਿੱਚ ਸ਼ਾਂਤੀ
ਜਿਹਨਾਂ ਤੋਂ ਉਹ ਪ੍ਰਸੰਨ ਹਨ ।”

ਜਦੋਂ ਸਵਰਗਦੂਤ ਉੱਥੋਂ ਸਵਰਗ ਨੂੰ ਵਾਪਸ ਚਲੇ ਗਏ ਤਾਂ ਚਰਵਾਹਿਆਂ ਨੇ ਆਪਸ ਵਿੱਚ ਕਿਹਾ, “ਆਓ, ਅਸੀਂ ਬੈਤਲਹਮ ਨੂੰ ਚੱਲੀਏ ਅਤੇ ਜੋ ਘਟਨਾ ਉੱਥੇ ਵਾਪਰੀ ਹੈ ਜਿਸ ਦੇ ਬਾਰੇ ਪ੍ਰਭੂ ਨੇ ਸਾਨੂੰ ਦੱਸਿਆ ਹੈ, ਜਾ ਕੇ ਦੇਖੀਏ ।”




ਉਹ ਉਸੇ ਸਮੇਂ ਬੈਤਲਹਮ ਵਿੱਚ ਗਏ । ਉੱਥੇ ਉਹਨਾਂ ਨੇ
ਮਰਿਯਮ, ਯੂਸਫ਼ ਅਤੇ ਖੁਰਲੀ ਵਿੱਚ ਪਏ ਹੋਏ ਬਾਲਕ ਨੂੰ
ਦੇਖਿਆ ।ਜਦੋਂ ਚਰਵਾਹਿਆਂ ਨੇ ਬਾਲਕ ਨੂੰ ਦੇਖਿਆ ਤਦ
ਉਹਨਾਂ ਨੇ ਸਵਰਗਦੂਤਾਂ ਦੀਆਂ ਬਾਲਕ ਦੇ ਬਾਰੇ ਕਹੀਆਂ
ਗੱਲਾਂ ਲੋਕਾਂ ਨੂੰ ਦੱਸੀਆਂ ।


ਯਿਸੂ ਦਾ ਜਨਮ ਯਹੂਦਿਯਾ ਦੇ ਬੈਤਲਹਮ ਵਿੱਚ ਹੋਇਆ । ਉਸ ਸਮੇਂ ਯਹੂਦਿਯਾ ਉੱਤੇ ਰਾਜਾ ਹੇਰੋਦੇਸ ਰਾਜ ਕਰਦਾ ਸੀ । ਯਿਸੂ ਦੇ ਜਨਮ ਦੇ ਕੁਝ ਸਮੇਂ ਬਾਅਦ ਪੂਰਬ ਤੋਂ
ਤਾਰਿਆਂ ਦਾ ਗਿਆਨ ਰੱਖਣ ਵਾਲੇ ਕੁਝ ਜੋਤਸ਼ੀ ਯਰੂਸ਼ਲਮ ਵਿੱਚ ਆਏ ਅਤੇ ਪੁੱਛਣ ਲੱਗੇ, “ਯਹੂਦੀਆਂ ਦੇ ਨਵਜਨਮੇ ਰਾਜਾ ਕਿੱਥੇ ਹਨ ? ਅਸੀਂ ਉਹਨਾਂ ਦਾ ਤਾਰਾ ਪੂਰਬ ਵਿੱਚ ਚੜ੍ਹਿਆ ਦੇਖਿਆ ਹੈ ਅਤੇ ਅਸੀਂ ਉਹਨਾਂ ਨੂੰ ਮੱਥਾ ਟੇਕਣ ਦੇ ਲਈ ਆਏ ਹਾਂ ।”

ਇਸ ਲਈ ਹੇਰੋਦੇਸ ਨੇ ਜੋਤਸ਼ੀਆਂ ਨੂੰ ਗੁਪਤ
ਸਭਾ ਵਿੱਚ ਸੱਦ ਕੇ ਇਹ ਪੁੱਛਿਆ ਕਿ
ਤਾਰਾ ਠੀਕ ਕਿਸ ਸਮੇਂ ਦਿਖਾਈ ਦਿੱਤਾ
ਸੀ। ਫਿਰ ਉਹਨਾਂ ਨੂੰ ਇਹ ਕਹਿ ਕੇ
ਬੈਤਲਹਮ ਵੱਲ ਵਿਦਾ ਕੀਤਾ,
“ਜਾਓ ਅਤੇ ਬੱਚੇ ਦੇ ਬਾਰੇ ਠੀਕ ਠੀਕ
ਪਤਾ ਕਰੋ। ਜਦੋਂ ਉਹ ਮਿਲ ਜਾਵੇ
ਤਾਂ ਮੈਨੂੰ ਆ ਕੇ ਖ਼ਬਰ ਦੇਣਾ ਤਾਂ
ਜੋ ਮੈਂ ਵੀ ਜਾ ਕੇ ਉਸ ਨੂੰ ਮੱਥਾ ਟੇਕਾਂ।”



ਰਾਜਾ ਦੀ ਗੱਲ ਸੁਣ ਕੇ ਉਹ ਚਲੇ ਗਏ। ਰਾਹ ਵਿੱਚ ਫਿਰ ਉਹਨਾਂ ਨੇ ਉਹ ਹੀ ਤਾਰਾ ਦੇਖਿਆ ਜਿਹੜਾ ਉਹਨਾਂ ਨੇ ਪੂਰਬ ਵਿੱਚ ਦੇਖਿਆ ਸੀ। ਉਹ ਤਾਰਾ ਉਹਨਾਂ ਦੇ ਅੱਗੇ ਅੱਗੇ ਚੱਲਿਆ ਅਤੇ ਜਿੱਥੇ ਬੱਚਾ ਸੀ, ਉਸ ਥਾਂ ਦੇ ਉੱਤੇ ਜਾ ਕੇ ਠਹਿਰ ਗਿਆ।



ਫਿਰ ਉਹ ਘਰ ਦੇ ਅੰਦਰ ਗਏ ਅਤੇ ਬੱਚੇ ਨੂੰ ਉਸ ਦੀ ਮਾਂ ਮਰਿਯਮ ਨਾਲ ਦੇਖਿਆ । ਉਹਨਾਂ ਨੇ ਝੁਕ ਕੇ ਬੱਚੇ ਦੇ ਸਾਹਮਣੇ ਮੱਥਾ ਟੇਕਿਆ ਅਤੇ ਆਪਣਾ ਆਪਣਾ ਥੈਲਾ ਖੋਲ੍ਹ ਕੇ ਉਹਨਾਂ ਨੂੰ ਸੋਨਾ, ਧੂਪ ਅਤੇ ਗੰਧਰਸ ਭੇਟ ਕੀਤੇ ।ਫਿਰ ਪਰਮੇਸ਼ਰ ਵੱਲੋਂ ਸੁਪਨੇ ਵਿੱਚ ਚਿਤਾਵਨੀ ਪਾ ਕੇ ਕਿ ਹੇਰੋਦੇਸ ਕੋਲ ਮੁੜ ਕੇ ਨਾ ਜਾਣਾ, ਉਹ ਆਪਣੇ ਆਪਣੇ ਦੇਸ਼ ਨੂੰ ਦੂਜੇ ਰਾਹ ਤੋਂ ਵਾਪਸ ਚਲੇ ਗਏ ।



ਉਹਨਾਂ ਦੇ ਚਲੇ ਜਾਣ ਤੋਂ ਬਾਅਦ ਪ੍ਰਭੂ ਦੇ ਇੱਕ ਸਵਰਗਦੂਤ ਨੇ ਯੂਸਫ਼ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਕਿਹਾ, “ਉੱਠ, ਬੱਚੇ ਅਤੇ ਉਸ ਦੀ ਮਾਂ ਨੂੰ ਨਾਲ ਲੈ ਕੇ ਮਿਸਰ ਦੇਸ਼ ਨੂੰ ਚਲਾ ਜਾ ਅਤੇ ਜਦੋਂ ਤੱਕ ਮੈਂ ਨਾ ਕਹਾਂ, ਉੱਥੇ ਹੀ ਰਹਿਣਾ ਕਿਉਂਕਿ ਹੇਰੋਦੇਸ ਇਸ ਬੱਚੇ ਦੀ ਖੋਜ ਕਰੇਗਾ ਕਿ ਇਸ ਨੂੰ ਮਾਰ ਦੇਵੇ ।”



ਇਸ ਲਈ ਯੂਸਫ਼ ਰਾਤ ਨੂੰ ਹੀ ਉੱਠਿਆ, ਬੱਚੇ
ਅਤੇ ਉਸ ਦੀ ਮਾਂ ਨੂੰ ਲੈ ਕੇ ਮਿਸਰ ਨੂੰ ਚਲਾ
ਗਿਆ । ਉੱਥੇ ਉਹ ਹੇਰੋਦੇਸ ਦੀ ਮੌਤ ਤੱਕ
ਰਿਹਾ । ਇਹ ਇਸ ਲਈ ਹੋਇਆ ਕਿ ਪ੍ਰਭੂ
ਦੇ ਨਬੀ ਰਾਹੀਂ ਕਿਹਾ ਹੋਇਆ ਇਹ
ਵਚਨ ਪੂਰਾ ਹੋਵੇ, “ਮੈਂ ਮਿਸਰ
ਦੇਸ਼ ਤੋਂ ਆਪਣੇ
ਪੁੱਤਰ ਨੂੰ ਸੱਦਿਆ ।”



ਜਦੋਂ ਹੇਰੋਦੇਸ ਨੇ ਦੇਖਿਆ ਕਿ ਜੋਤਸ਼ੀਆਂ ਨੇ ਉਸ ਨੂੰ ਮੂਰਖ ਬਣਾਇਆ ਹੈ ਤਾਂ ਉਹ ਬਹੁਤ ਗੁੱਸੇ ਵਿੱਚ ਆਇਆ । ਇਸ ਲਈ ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਬੈਤਲਹਮ ਅਤੇ ਉਸ ਦੇ ਆਲੇ-ਦੁਆਲੇ ਦੇ ਸਾਰੇ ਲੜਕਿਆਂ ਨੂੰ ਮਾਰ ਦਿੱਤਾ ਜਾਵੇ ਜਿਹੜੇ ਜੋਤਸ਼ੀਆਂ ਦੇ ਦੱਸੇ ਅਨੁਸਾਰ ਦੋ ਸਾਲ ਦੀ ਉਮਰ ਦੇ ਜਾਂ ਉਸ ਤੋਂ ਛੋਟੇ ਸਨ ।





ਰਾਜਾ ਹੇਰੋਦੇਸ ਦੀ ਮੌਤ ਦੇ ਬਾਅਦ ਪ੍ਰਭੂ ਦੇ ਇੱਕ ਸਵਰਗਦੂਤ ਨੇ ਮਿਸਰ ਵਿੱਚ ਯੂਸਫ਼ ਨੂੰ ਸੁਪਨੇ ਵਿੱਚ ਦਰਸ਼ਨ ਦਿੱਤਾ ਅਤੇ ਕਿਹਾ, “ਉੱਠ, ਬੱਚੇ ਅਤੇ ਉਸ ਦੀ ਮਾਂ ਨੂੰ ਨਾਲ ਲੈ ਅਤੇ ਇਸਰਾਏਲ ਦੇਸ਼ ਨੂੰ ਵਾਪਸ ਚਲਾ ਜਾ ਕਿਉਂਕਿ ਜਿਹੜੇ ਬੱਚੇ ਨੂੰ ਮਾਰਨਾ ਚਾਹੁੰਦੇ ਸਨ, ਉਹ ਮਰ ਚੁੱਕੇ ਹਨ ।”

ਪਰ ਜਦੋਂ ਉਸ ਨੇ ਸੁਣਿਆ ਕਿ ਅਰਖਿਲਾਊਸ ਆਪਣੇ ਪਿਤਾ ਦੀ ਥਾਂ
ਯਹੂਦਿਯਾ ਦਾ ਰਾਜਾ ਬਣਿਆ ਹੈ
ਤਾਂ ਉਹ ਉੱਥੇ ਜਾਣ ਤੋਂ ਡਰਿਆ ।
ਇਸ ਲਈ ਉਹ ਸੁਪਨੇ ਰਾਹੀਂ ਹੋਰ
ਚਿਤਾਵਨੀ ਪਾ ਕੇ
ਗਲੀਲ ਦੇ



ਇਲਾਕੇ ਵਿੱਚ ਚਲਾ ਗਿਆ ।
ਇੱਥੇ ਉਹ ਨਾਸਰਤ ਨਾਂ ਦੇ ਇੱਕ ਸ਼ਹਿਰ ਵਿੱਚ ਵੱਸ
ਗਿਆ ਕਿ ਨਬੀਆਂ ਦਾ ਇਹ ਵਚਨ ਪੂਰਾ ਹੋਵੇ, “ਉਹ ਨਾਸਰੀ ਅਖਵਾਏਗਾ ।”

ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ
ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ
ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ
ਕਰਨ, ਨਾਸ਼ ਨਾ ਹੋਣ ਸਗੋਂ ਅਨੰਤ
ਜੀਵਨ ਪ੍ਰਾਪਤ ਕਰਨ ।

ਰੋਮ 3:23 ਕਿਉਂਕਿ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਰ ਦੀ
ਮਹਿਮਾ ਤੋਂ ਵਾਂਝੇ ਹਨ ।

ਰੋਮ 6:23 ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਰ ਦਾ ਮੁਫ਼ਤ ਵਰਦਾਨ
ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਅਨੰਤ ਜੀਵਨ ਹੈ ।

ਇਬਰਾਨੀਆਂ 9:27 ਜਿਵੇਂ ਮਨੁੱਖ ਦੇ ਲਈ ਇੱਕ ਵਾਰ ਮਰਨਾ ਅਤੇ ਉਸ ਦੇ ਬਾਅਦ
ਨਿਆਂ ਹੋਣਾ ਨਿਯੁਕਤ ਕੀਤਾ ਗਿਆ ਹੈ,

ਅਫ਼ਸੁਸ 2:8,9 ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ
ਮੁਕਤੀ ਪ੍ਰਾਪਤ ਕੀਤੀ ਹੈ । ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ
ਦਾ ਵਰਦਾਨ ਹੈ ।

ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ
ਜਾ ਸਕਦਾ ।
ਰੋਮ 10:9,10 ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ “ਯਿਸੂ ਪ੍ਰਭੂ ਹਨ,” ਅਤੇ
ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ
ਜਿਉਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ ।

ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ ।

ਯੂਹੰਨਾ 3:16,17 ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਂਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ ।

ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਸੰਸਾਰ ਵਿੱਚ ਇਸ ਲਈ ਨਹੀਂ ਭੇਜਿਆ ਕਿ ਉਹ ਸੰਸਾਰ ਨੂੰ ਦੋਸ਼ੀ ਠਹਿਰਾਉਣ ਸਗੋਂ ਇਸ ਲਈ ਕਿ ਸੰਸਾਰ ਨੂੰ ਮੁਕਤੀ ਦੇਣ ।

1 ਯੂਹੰਨਾ 5:11-13 ਉਹ ਗਵਾਹੀ ਇਹ ਹੈ ਕਿ ਪਰਮੇਸ਼ਰ ਨੇ ਸਾਨੂੰ ਅਨੰਤ ਜੀਵਨ ਦਿੱਤਾ ਹੈ ਅਤੇ ਇਹ ਜੀਵਨ ਉਹਨਾਂ ਦੇ ਪੁੱਤਰ ਦੇ ਵਿੱਚ ਹੈ ।

ਜਿਸ ਦੇ ਕੋਲ ਪੁੱਤਰ ਹੈ, ਉਸ ਦੇ ਕੋਲ ਇਹ ਜੀਵਨ ਹੈ ਪਰ ਜਿਸ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ, ਉਸ ਦੇ ਕੋਲ ਜੀਵਨ ਵੀ ਨਹੀਂ ।

ਮੈਂ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹੋ, ਇਹ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਜਾਣ ਲਵੋ ਕਿ ਤੁਹਾਡੇ ਕੋਲ ਅਨੰਤ ਜੀਵਨ ਹੈ ।

ਮੱਤੀ 1-2; ਲੂਕਾ 1-2

Storyline by: Edward D. Hughes

Illustrated by: M. Maillot
and Alastair Paterson

Adapted by: E. Frischbutter; Sarah S.

Punjabi Common Language (North American Version):
Text (pan) © 2021 Canadian Bible Society and Bible Society of India

https://live.bible.is/bible/PANDPI/GEN/1

©2026 Bible for Children, Inc.

www.M1914.org www.bibleforchildren.org